Punjabi – Number 07b
September 2018

# ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਵੈਕਸੀਨ
# Rabies Immune Globulin and Vaccine

## ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਵੈਕਸੀਨ ਕੀ ਹਨ?

ਰੇਬੀਜ਼ ਇੰਮਯੂਨ ਗਲੋਬਿਯੂਲਿਨ (ਰੈਬਆਈਜੀ – RabIg) ਰੇਬੀਜ਼ ਦਾ ਕਾਰਨ ਬਣਨ ਵਾਲੇ ਵਾਇਰਸ ਦੇ ਵਿਰੁੱਧ ਫੌਰੀ, ਸਮੇਂ ਦੀ ਛੋਟੀ ਮਿਆਦ ਲਈ ਸੁਰੱਖਿਆ ਪ੍ਰਦਾਨ ਕਰਦਾ ਹੈ। ਰੈਬਆਈਜੀ (RabIg) ਵਿੱਚ ਦਾਨ ਦਿੱਤੇ ਗਏ ਮਨੁੱਖੀ ਖ਼ੂਨ ਵਿੱਚੋਂ ਲਈਆਂ ਗਈਆਂ ਐਂਟੀਬਾਡੀਆਂ ਦੀਆਂ ਵੱਡੀਆਂ ਮਾਤਰਾਵਾਂ ਹੁੰਦੀਆਂ ਹਨ। ਐਂਟੀਬਾਡੀਆਂ (antibodies) ਉਹ ਪ੍ਰੋਟੀਨ ਹਨ ਜੋ ਇੱਕ ਵਿਅਕਤੀ ਦੇ ਸਰੀਰ ਨੂੰ ਬੀਮਾਰੀਆਂ ਤੋਂ ਸੁਰੱਖਿਅਤ ਰੱਖਣ ਵਾਲੀ ਪ੍ਰਣਾਲੀ, ਬੈਕਟੀਰੀਆ ਜਾਂ ਵਾਇਰਸਾਂ ਵਰਗੇ ਰੋਗਾਣੂਆਂ ਦਾ ਮੁਕਾਬਲਾ ਕਰਨ ਲਈ ਬਣਾਉਂਦੀ ਹੈ।

ਰੇਬੀਜ਼ ਵੈਕਸੀਨ ਰੇਬੀਜ਼ ਵਾਇਰਸ ਕਰਕੇ ਹੋਣ ਵਾਲੇ ਵਿਗਾੜ ਵਿਰੁੱਧ ਲੰਮੇ ਸਮੇਂ ਤੱਕ ਜਾਰੀ ਰਹਿਣ ਵਾਲੀ ਸੁਰੱਖਿਆ ਪ੍ਰਦਾਨ ਕਰਦੀ ਹੈ। ਇਹ ਵੈਕਸੀਨ ਮਾਰੇ ਗਏ ਰੇਬੀਜ਼ ਵੈਕਸੀਨ ਤੋਂ ਬਣਾਈ ਜਾਂਦੀ ਹੈ ਅਤੇ ਉਸ ਕਰਕੇ ਰੇਬੀਜ਼ ਨਹੀਂ ਹੋ ਸਕਦਾ। ਬੀ ਸੀ ਵਿੱਚ ਰੇਬੀਜ਼ ਵੈਕਸੀਨ ਉਨ੍ਹਾਂ ਲੋਕਾਂ ਨੂੰ ਮੁਫਤ ਮੁਹੱਈਆ ਕੀਤੀ ਜਾਂਦੀ ਹੈ ਜਿੰਨਾਂ ਦਾ ਸੰਪਰਕ ਸੰਭਾਵੀ ਤੌਰ ਤੇ ਹਲਕਾਅ ਵਾਲੇ ਜਾਨਵਰ ਨਾਲ ਹੋਇਆ ਹੈ। ਇਹ ਕਿਸੀ ਕਨੇਡੀਅਨ ਵੈਟਰਨਰੀ ਕਾਲਜ ਜਾਂ ਐਨੀਮਲ ਹੈਲਥ ਟ੍ਰੇਨਿੰਗ ਸੈਂਟਰ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੀ ਮੁਫਤ ਦਿੱਤੀ ਜਾਂਦੀ ਹੈ।

ਰੈਬਆਈਜੀ (RabIg) ਅਤੇ ਰੇਬੀਜ਼ ਵੈਕਸੀਨ ਹੈਲਥ ਕੈਨੇਡਾ ਦੁਆਰਾ ਮਾਨਤਾ ਪ੍ਰਾਪਤ ਹਨ।

## ਕੀ ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਵੈਕਸੀਨ ਸੁਰੱਖਿਅਤ ਹਨ?

ਹਾਂ, ਇਹ ਦੋਵੇਂ ਉਤਪਾਦ ਬਹੁਤ ਸੁਰੱਖਿਅਤ ਹਨ। ਇੰਨਾਂ ਉਤਪਾਦਾਂ ਦੇ ਨਾਲ ਟੀਕਾਕਰਣ ਕਰਵਾਉਣਾ ਹਲਕਾਅ ਦਾ ਸ਼ਿਕਾਰ ਹੋਣ ਨਾਲੋਂ ਬਿਹਤਰ ਹੈ। ਆਮਤੌਰ ਤੇ ਲੋਕਾਂ ਨੂੰ ਕੇਵਲ ਆਮ ਪ੍ਰਤੀਕਿਰਿਆਵਾਂ ਹੀ ਹੁੰਦੀਆਂ ਹਨ ਜਿਹੜੀਆਂ ਟੀਕੇ ਲਗਵਾਉਣ ਤੋਂ ਬਾਅਦ ਕੁਝ ਦਿਨਾਂ ਲਈ ਰਹਿ ਸਕਦੀਆਂ ਹਨ।

ਰੈਬਆਈਜੀ (RabIg) ਦਾਨ ਦਿੱਤੇ ਗਏ ਮਨੁੱਖੀ ਖ਼ੂਨ, ਜਿਸ ਨੂੰ ਉਸ ਦੀ ਸੁਰੱਖਿਆ ਸੁਨਿਸ਼ਚਿਤ ਕਰਨ ਵਾਸਤੇ ਜਾਂਚਿਆ ਗਿਆ ਹੈ, ਤੋਂ ਤਿਆਰ ਕੀਤਾ ਜਾਂਦਾ ਹੈ। ਖ਼ੂਨ ਦਾਨ ਕਰਨ ਵਾਲੇ ਸਾਰੇ ਵਿਅਕਤੀਆਂ ਦੀ ਐਚਆਈਵੀ (HIV) ਅਤੇ ਹੈਪੇਟਾਈਟਸ ਵਰਗੇ ਵਾਇਰਸਾਂ ਨਾਲ ਸੰਪਰਕ ਲਈ ਜਾਂਚ ਕੀਤੀ ਜਾਂਦੀ ਹੈ। ਖ਼ੂਨ ਦੇ ਹਰੇਕ ਦਾਨ ਨੂੰ ਰੈਬਆਈਜੀ (RabIg) ਬਣਾਏ ਜਾਣ ਵਾਸਤੇ ਵਰਤੇ ਜਾਣ ਤੋਂ ਪਹਿਲਾਂ ਖ਼ੂਨ ਰਾਹੀਂ ਫੈਲਣ ਵਾਲੇ ਵਾਇਰਸਾਂ ਲਈ ਵੀ ਜਾਂਚਿਆ ਜਾਂਦਾ ਹੈ। ਰੈਬਆਈਜੀ (RabIg) ਬਣਾਉਣ ਵੇਲੇ ਕਈ ਸਾਰੇ ਰਸਾਇਣਕ ਅਤੇ ਪਦਾਰਥਕ ਕਦਮ ਸ਼ਾਮਲ ਹੁੰਦੇ ਹਨ। ਇੰਨਾਂ ਕਦਮਾਂ ਵਿੱਚ ਵਾਇਰਸਾਂ ਨੂੰ ਪ੍ਰਭਾਵਹੀਨ ਕਰਨ ਅਤੇ ਬੀਮਾਰੀ ਦਾ ਕਾਰਨ ਬਣ ਸਕਣ ਵਾਲੇ ਵਾਇਰਸਾਂ ਅਤੇ ਬੈਕਟੀਰੀਆ ਨੂੰ ਹਟਾਉਣਾ ਸ਼ਾਮਲ ਹੈ। ਰੈਬਆਈਜੀ (RabIg) ਦੀ ਅੰਤਿਮ ਰਚਨਾ ਇਹ ਸੁਨਿਸ਼ਚਿਤ ਕਰਨ ਲਈ ਵਾਧੂ ਪਰੀਖਣਾਂ ਵਿੱਚੋਂ ਨਿਕਲਦੀ ਹੈ ਕਿ ਕੋਈ ਵੀ ਗਿਆਤ ਛੂਤਕਾਰੀ ਵਾਇਰਸ ਮੌਜੂਦ ਨਹੀਂ ਹਨ। ਪਰ, ਨਿਹਾਇਤ ਹੀ ਛੋਟਾ ਜਿਹਾ ਜੋਖਮ ਹੈ ਕਿ ਖ਼ੂਨ ਰਾਹੀਂ ਫੈਲਣ ਵਾਲੇ ਕੁਝ ਵਿਗਾੜ ਰੈਬਆਈਜੀ (RabIg) ਦੀ ਵਰਤੋਂ ਰਾਹੀਂ ਫੈਲ ਸਕਦੇ ਹਨ। ਜਦੋਂ ਤੋਂ ਖ਼ੂਨ ਦੀ ਜਾਂਚ ਅਤੇ ਪਰੀਖਣ ਸ਼ੁਰੂ ਹੋਏ ਹਨ, ਰੈਬਆਈਜੀ (RabIg) ਪ੍ਰਾਪਤ ਕਰਨ ਵਾਲੇ ਲੋਕਾਂ ਵਿੱਚ ਐਚਆਈਵੀ (HIV), ਹੈਪੇਟਾਈਟਸ ਬੀ ਜਾਂ ਹੈਪੇਟਾਈਟਸ ਸੀ ਵਰਗੀਆਂ ਖ਼ੂਨ ਰਾਹੀਂ ਫੈਲਣ ਵਾਲੀਆਂ ਬੀਮਾਰੀਆਂ ਦੀਆਂ ਕੋਈ ਵੀ ਰਿਪੋਰਟਾਂ ਨਹੀਂ ਹਨ।

## ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਵੈਕਸੀਨ ਕਿਸ ਨੂੰ ਨਹੀਂ ਦਿੱਤਾ ਜਾਣਾ ਚਾਹੀਦਾ ਹੈ?

ਜੇ ਤੁਹਾਨੂੰ ਅਜਿਹੇ ਜਾਨਵਰ ਦੁਆਰਾ ਵੱਢਿਆ ਗਿਆ ਹੈ ਜਾਂ ਝਰੀਟ ਮਾਰੀ ਗਈ ਹੈ ਜਿਸ ਨੂੰ ਹਲਕਾਅ ਹੋ ਸਕਦਾ ਹੈ ਤਾਂ ਤੁਹਾਨੂੰ ਜਿੰਨੀ ਜਲਦੀ ਸੰਭਵ ਹੋਏ ਰੈਬਆਈਜੀ (RabIg) ਅਤੇ ਰੇਬੀਜ਼ ਵੈਕਸੀਨ ਲੈਣੀ ਚਾਹੀਦੀ ਹੈ। ਜੇ ਤੁਸੀਂ ਪਹਿਲਾਂ ਹੀ ਰੇਬੀਜ਼ ਵੈਕਸੀਨ ਦੀ ਪੂਰੀ ਲੜੀ ਪ੍ਰਾਪਤ ਕਰ ਚੁੱਕੇ ਹੋ ਤਾਂ ਤੁਹਾਨੂੰ ਰੈਬਆਈਜੀ (RabIg) ਲੈਣ ਦੀ ਲੋੜ ਨਹੀਂ ਹੈ। ਰੈਬਆਈਜੀ (RabIg) ਜ਼ਖਮ ਦੇ ਆਸੇ ਪਾਸੇ ਦੇ ਖੇਤਰ(ਰਾਂ) ਵਿੱਚ ਟੀਕੇ ਰਾਹੀਂ ਦਿੱਤੀ ਜਾਂਦੀ ਹੈ। ਇਹ ਰੇਬੀਜ਼ ਵੈਕਸੀਨ ਦੀ ਪਹਿਲੀ ਖ਼ੁਰਾਕ ਦੇ ਨਾਲ ਹੀ ਉਸੀ ਵੇਲੇ ਦਿੱਤੀ ਜਾਂਦੀ ਹੈ।

ਰੇਬੀਜ਼ ਵੈਕਸੀਨ ਆਮਤੌਰ ਤੇ 14 ਦਿਨਾਂ ਦੀ ਮਿਆਦ ਦੇ ਦੌਰਾਨ 4 ਖ਼ੁਰਾਕਾਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਵੈਕਸੀਨ ਦੀਆਂ ਬਾਕੀ ਰਹਿੰਦੀਆਂ ਖ਼ੁਰਾਕਾਂ ਤੁਸੀਂ 3, 7 ਅਤੇ 14 ਦਿਨਾਂ ਬਾਅਦ ਪ੍ਰਾਪਤ ਕਰੋਗੇ। ਜੇ ਤੁਹਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੈ ਜਾਂ ਤੁਸੀਂ ਕਲੋਰੋਕਵੀਨ ਲੈ ਰਹੇ ਹੋ ਤਾਂ ਪਹਿਲੀ ਖ਼ੁਰਾਕ ਤੋਂ 28 ਦਿਨਾਂ ਬਾਅਦ ਇਕ 5ਵੀਂ ਖ਼ੁਰਾਕ ਦਿੱਤੀ ਜਾਂਦੀ ਹੈ।

ਜੇ ਤੁਹਾਡੇ ਸਰੀਰ ਦੀ ਸੁਰੱਖਿਆ ਪ੍ਰਣਾਲੀ ਕਮਜ਼ੋਰ ਹੈ ਤਾਂ ਰੇਬੀਜ਼ ਵੈਕਸੀਨ ਦੀ 5ਵੀਂ ਖ਼ੁਰਾਕ ਤੋਂ 7 ਤੋਂ 14 ਦਿਨਾਂ ਦੇ ਬਾਅਦ ਇਹ ਨਿਰਧਾਰਤ ਕਰਨ ਵਾਸਤੇ ਖ਼ੂਨ ਦੇ ਇੱਕ ਟੈਸਟ ਦੀ ਲੋੜ ਹੁੰਦੀ ਹੈ ਕਿ ਤੁਸੀਂ ਸੁਰੱਖਿਅਤ ਹੋ। ਜੇ ਬਲੱਡ ਟੈਸਟ ਦੱਸਦਾ ਹੈ ਕਿ ਤੁਸੀਂ ਸੁਰੱਖਿਅਤ ਨਹੀਂ ਹੋ ਤਾਂ ਤੁਹਾਨੂੰ ਵੈਕਸੀਨ ਦੀ ਦੂਸਰੀ ਲੜੀ ਦੀ ਲੋੜ ਪਵੇਗੀ।

ਜੇ ਤੁਸੀਂ ਰੇਬੀਜ਼ ਵਾਇਰਸ ਦੇ ਨਾਲ ਸੰਪਰਕ ਹੋਣ ਤੋਂ ਪਹਿਲਾਂ ਰੇਬੀਜ਼ ਵੈਕਸੀਨ ਦੀ ਲੜੀ ਪੂਰੀ ਕਰ ਲਈ ਹੈ ਤਾਂ ਤੁਹਾਨੂੰ ਵੈਕਸੀਨ ਦੀਆਂ 2 ਖ਼ੁਰਾਕਾਂ ਮਿਲਣੀਆਂ ਚਾਹੀਦੀਆਂ ਹਨ। ਇਹ ਖ਼ੁਰਾਕਾਂ 3 ਦਿਨਾਂ ਦੇ ਵੱਖਵੇ ਤੇ ਦਿੱਤੀਆਂ ਜਾਂਦੀਆਂ ਹਨ।

## ਰੇਬੀਜ਼ ਵੈਕਸੀਨ ਹੋਰ ਕਿਸ ਨੂੰ ਦਿੱਤੀ ਜਾਣੀ ਚਾਹੀਦੀ ਹੈ?

ਰੇਬੀਜ਼ ਵੈਕਸੀਨ ਰੇਬੀਜ਼ ਵਾਇਰਸ ਦੇ ਨਾਲ ਸੰਪਰਕ ਹੋਣ ਤੋਂ ਪਹਿਲਾਂ ਹਲਕਾਅ ਦੀ ਰੋਕਥਾਮ ਲਈ ਵੀ ਦਿੱਤੀ ਜਾਂਦੀ ਹੈ। ਰੇਬੀਜ਼ ਵੈਕਸੀਨ ਦੀ ਸਿਫਾਰਸ਼ ਕੀਤੀ ਜਾਂਦੀ ਹੈ, ਪਰ ਉਹ ਮੁਫਤ ਮੁਹੱਈਆ ਨਹੀਂ ਕੀਤੀ ਜਾਂਦੀ, ਉਨ੍ਹਾਂ ਲੋਕਾਂ ਲਈ ਜਿੰਨਾਂ ਨੂੰ ਰੇਬੀਜ਼ ਵਾਇਰਸ ਦੇ ਨਾਲ ਸੰਪਰਕ ਹੋਣ ਦਾ ਖਤਰਾ ਹੈ, ਜਿਸ ਵਿੱਚ ਸ਼ਾਮਲ ਹਨ:

- ਪਸ਼ੂ ਚਿਕਿਤਸਕ ਅਤੇ ਉਨ੍ਹਾਂ ਦੇ ਕਰਮਚਾਰੀ
- ਪ੍ਰਯੋਗਸ਼ਾਲਾ ਵਾਲੇ ਅਤੇ ਦੂਸਰੇ ਕਾਮੇ ਜਿਹੜੇ ਨੇਮਕ ਤੌਰ ਤੇ ਰੇਬੀਜ਼ ਵਾਇਰਸ ਦੇ ਨਾਲ ਕੰਮ ਕਰਦੇ ਹਨ
- ਐਨੀਮਲ ਕੰਟ੍ਰੋਲ ਅਤੇ ਵਾਇਲਡਲਾਇਫ ਕਰਮਚਾਰੀ
- ਉਨ੍ਹਾਂ ਖੇਤਰਾਂ ਵਿੱਚ ਸ਼ਿਕਾਰੀ ਅਤੇ ਟ੍ਰੈਪਰ ਜਿਥੇ ਹਲਕਾਅ ਆਮ ਹੈ ਜਿਵੇਂ ਕਿ ਦੂਰ ਦੇ ਉੱਤਰੀ ਖੇਤਰ
- ਉਹ ਲੋਕ ਜਿਹੜੇ ਗੁਫਾਵਾਂ ਦੀ ਪੜਚੋਲ ਜਾਂ ਅਧਿਐਨ ਕਰਦੇ ਹਨ
- ਉਹ ਯਾਤਰੀ ਜਿਹੜੇ ਅਜਿਹੇ ਮੁਲਕਾਂ ਵਿੱਚ 1 ਮਹੀਨਾ ਜਾਂ ਉਸ ਤੋਂ ਵੱਧ ਬਿਤਾਉਣਗੇ ਜਿਥੇ ਹਲਕਾਅ ਆਮ ਹੈ

ਵੈਕਸੀਨ 3 ਖ਼ੁਰਾਕਾਂ ਦੀ ਲੜੀ ਦੀ ਤਰ੍ਹਾਂ ਦਿੱਤੀ ਜਾਂਦੀ ਹੈ। ਦੂਸਰੀ ਖ਼ੁਰਾਕ ਪਹਿਲੀ ਖ਼ੁਰਾਕ ਤੋਂ 7 ਦਿਨਾਂ ਬਾਅਦ ਦਿੱਤੀ ਜਾਂਦੀ ਹੈ। ਤੀਸਰੀ ਖ਼ੁਰਾਕ ਪਹਿਲੀ ਖ਼ੁਰਾਕ ਤੋਂ 21 ਤੋਂ 28 ਦਿਨਾਂ ਦੇ ਬਾਅਦ ਦਿੱਤੀ ਜਾਂਦੀ ਹੈ।

## ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਰੇਬੀਜ਼ ਵੈਕਸੀਨ ਦੇ ਕੀ ਲਾਭ ਹਨ?

ਰੈਬਆਈਜੀ (RabIg) ਅਤੇ ਰੇਬੀਜ਼ ਵੈਕਸੀਨ ਹਲਕਾਅ ਬਿਮਾਰੀ ਨੂੰ ਰੋਕਦੀ ਹੈ ਜਿਹੜੀ ਲਗਭਗ ਹਮੇਸ਼ਾ ਹੀ ਜਾਨਲੇਵਾ ਹੁੰਦੀ ਹੈ। ਰੈਬਆਈਜੀ (RabIg) ਰੇਬੀਜ਼ ਵਾਇਰਸ ਤੋਂ ਹੋਣ ਵਾਲੇ ਵਿਗਾੜ ਦੇ ਵਿਰੁੱਧ ਫੌਰੀ, ਸਮੇਂ ਦੀ ਛੋਟੀ ਮਿਆਦ ਲਈ ਸੁਰੱਖਿਆ ਪ੍ਰਦਾਨ ਕਰਦਾ ਹੈ। ਵੈਕਸੀਨ ਵਿਗਾੜ ਵਿਰੁੱਧ ਲੰਮੇ ਸਮੇਂ ਤੱਕ ਜਾਰੀ ਰਹਿਣ ਵਾਲੀ ਸੁਰੱਖਿਆ ਪ੍ਰਦਾਨ ਕਰਦੀ ਹੈ।

## ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਰੇਬੀਜ਼ ਵੈਕਸੀਨ ਦੇ ਬਾਦ ਦੀਆਂ ਸੰਭਾਵੀ ਪ੍ਰਤੀਕ੍ਰਿਆਵਾਂ ਕੀ ਹਨ?

ਰੈਬਆਈਜੀ (RabIg) ਦੀਆਂ ਆਮ ਪ੍ਰਤੀਕ੍ਰਿਆਵਾਂ ਵਿੱਚ ਟੀਕਾ ਦਿੱਤੇ ਜਾਣ ਵਾਲੀ ਥਾਂ ਤੇ ਜਲਨ ਅਤੇ ਸਥਾਨਕ ਮਾਸਪੇਸ਼ੀਆਂ ਦੀ ਅਕੜਨ ਸ਼ਾਮਲ ਹੋ ਸਕਦੀ ਹੈ। ਬੁਖਾਰ, ਚਮੜੀ ਸੰਬੰਧੀ ਪ੍ਰਤੀਕਿਰਿਆਵਾਂ ਅਤੇ ਅਲਰਜਿਕ ਪ੍ਰਤੀਕਰਿਆਵਾਂ (ਛਪਾਕੀ ਜਾਂ ਸੋਜ) ਵੀ ਹੋ ਸਕਦੀਆਂ ਹਨ।

ਕਈ ਇੰਮਯੂਨ ਗਲੋਬਿਯੂਲਿਨਾਂ ਨੂੰ ਪ੍ਰਾਪਤ ਕਰਨ ਦੇ 24 ਘੰਟਿਆਂ ਦੇ ਅੰਦਰ ਥਰੌਮਬੋਸਿਸ (ਖ਼ੂਨ ਦੇ ਥੱਕਿਆਂ) ਦੇ ਖਤਰੇ ਨਾਲ ਸੰਬੰਧਤ ਹੋ ਸਕਦੇ ਹਨ, ਖਾਸ ਕਰਕੇ ਜੇ ਵੱਡੀਆਂ ਮਾਤਰਾਵਾਂ ਦਿੱਤੀਆਂ ਜਾਂਦੀਆਂ ਹਨ। ਥਰੌਮਬੋਸਿਸ (thrombosis) ਦਾ ਖਤਰਾ ਉਨ੍ਹਾਂ ਲੋਕਾਂ ਵਿੱਚ ਵੱਧ ਜਾਂਦਾ ਹੈ:

- ਜਿਹੜੇ 45 ਸਾਲ ਅਤੇ ਉਸ ਤੋਂ ਵੱਧ ਉਮਰ ਦੇ ਹਨ
- ਜਿੰਨ੍ਹਾਂ ਦਾ ਥਰੌਮਬੋਸਿਸ (thrombosis) ਦਾ ਇਤਿਹਾਸ ਹੈ; ਜਾਂ
- ਜਿੰਨ੍ਹਾਂ ਵਿੱਚ ਥਰੌਮਬੋਸਿਸ (thrombosis) ਦੇ ਖਤਰੇ ਵਾਲੇ ਕਾਰਕ ਹਨ

ਰੇਬੀਜ਼ ਵੈਕਸੀਨ ਪ੍ਰਤੀ ਆਮ ਪ੍ਰਤੀਕ੍ਰਿਆਵਾਂ ਵਿੱਚ ਬੁਖਾਰ ਅਤੇ ਬਚਾਓ ਲਈ ਲਗਾਇਆ ਗਿਆ ਟੀਕਾ ਦਿੱਤੇ ਜਾਣ ਵਾਲੀ ਥਾਂ ਤੇ ਜਲਨ, ਲਾਲੀ, ਸੋਜ ਅਤੇ ਖਾਰਸ਼ ਸ਼ਾਮਲ ਹੋ ਸਕਦੇ ਹਨ। ਸਿਰਦਰਦ, ਬੁਖਾਰ, ਮਾਸਪੇਸ਼ੀਆਂ ਜਾਂ ਜੋੜਾਂ ਵਿੱਚ ਦਰਦ. ਮਤਲੀ, ਚੱਕਰ ਆਉਣੇ ਅਤੇ ਥਕਾਵਟ ਵੀ ਹੋ ਸਕਦੇ ਹਨ।

ਅਸੀਟਾਮੇਨੋਫੇਨ (Acetaminophen) (ਉਦਹਾਰਣ ਲਈ ਟਾਇਲੇਨੌਲ (Tylenol®)) ਜਾਂ ਆਈਬਿਊਪ੍ਰੋਫੇਨ (ibuprofen*) (ਉਦਹਾਰਣ ਲਈ ਐਡਵਿਲ (Advil®)) ਬੁਖਾਰ ਜਾਂ ਜਲਨ ਲਈ ਦਿੱਤੀ ਜਾ ਸਕਦੀ ਹੈ। ਏਐਸਏ(ASA) (ਉਦਹਾਰਣ ਲਈ ਐਸਪਰੀਨ (Aspirin®)) ਰੇ ਸਿੰਡਰੋਮ ਦੇ ਖਤਰੇ ਕਰਕੇ 18 ਸਾਲਾਂ ਤੋਂ ਘੱਟ ਉਮਰ ਦੇ ਕਿਸੇ ਵਿਅਕਤੀ ਨੂੰ ਨਹੀਂ ਦਿੱਤੀ ਜਾਣੀ ਚਾਹੀਦੀ।

*6 ਮਹੀਨਿਆਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਪਹਿਲਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕੀਤੇ ਬਿਨਾਂ ਆਈਬਿਊਪ੍ਰੋਫੇਨ ਨਹੀਂ ਦਿੱਤੀ ਜਾਣੀ ਚਾਹੀਦੀ।

ਰੇਏ ਸਿੰਡਰੋਮ ਬਾਰੇ ਹੋਰ ਜ਼ਿਆਦਾ ਜਾਣਕਾਰੀ ਲਈ ਹੈਲਥਲਿੰਕ ਬੀ.ਸੀ. ਫ਼ਾਈਲ HealthLinkBC File #84 ਰੇਏ ਸਿੰਨਡਰੋਮ ਦੇਖੋ।

ਕੋਈ ਵੀ ਵੈਕਸੀਨ ਲਗਵਾਉਣ ਤੋਂ ਬਾਦ 15 ਮਿੰਟ ਤੱਕ ਕਲੀਨਿਕ ਵਿੱਚ ਰਹਿਣਾ ਜ਼ਰੂਰੀ ਹੈ ਕਿਉਂਕਿ ਐਨਾਫਲਾਕਸਿਸ ਨਾਮ ਦੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਦੀ ਅਤਿ ਵਿਰਲੀ, ਇੱਕ ਮਿਲਿਅਨ ਵਿੱਚੋਂ 1 ਤੋਂ ਵੀ ਘੱਟ, ਸੰਭਾਵਨਾ ਹੋ ਸਕਦੀ ਹੈ। ਇਸ ਵਿੱਚ ਛਪਾਕੀ, ਸਾਹ ਲੈਣ ਵਿੱਚ ਤਕਲੀਫ, ਜਾਂ ਗਲੇ, ਜੀਭ ਜਾਂ ਬੁਲਾਂ ਦੀ ਸੋਜ ਸ਼ਾਮਲ ਹੋ ਸਕਦੇ ਹਨ। ਜੇ ਅਜਿਹੀ ਪ੍ਰਤੀਕਿਰਿਆ ਹੁੰਦੀ ਹੈ ਤਾਂ ਤੁਹਾਡਾ ਸਿਹਤ ਸੰਭਾਲ ਪ੍ਰਦਾਤਾ ਇਸ ਦਾ ਇਲਾਜ ਕਰਨ ਲਈ ਤਿਆਰ ਹੈ। ਐਮਰਜੈਂਸੀ ਇਲਾਜ ਵਿੱਚ ਸ਼ਾਮਲ ਹੈ ਐਪੀਨੈਫਰਿੰਨ (ਐਡਰੇਨੇਲਿੰਨ) ਦੇਣਾ ਅਤੇ ਐਂਬੁਲੈਂਸ ਰਾਹੀਂ ਸਭ ਤੋਂ ਨਜ਼ਦੀਕੀ ਐਮਰਜੈਂਸੀ ਵਿਭਾਗ ਤੱਕ ਟਰਾਂਸਫਰ। ਜੇ ਅਜਿਹੇ ਲੱਛਣ ਤੁਹਾਡੇ ਕਲੀਨਿਕ ਤੋਂ ਜਾਣ ਤੋਂ ਬਾਦ ਵਿਕਸਤ ਹੁੰਦੇ ਹਨ, ਤਾਂ **9-1-1** ਜਾਂ ਸਥਾਨਕ ਐਮਰਜੈਂਸੀ ਨੰਬਰ ਉੱਤੇ ਫੋਨ ਕਰੋ।

ਗੰਭੀਰ ਜਾਂ ਅਣਿਆਈ ਪ੍ਰਤੀਕ੍ਰਿਆਵਾਂ ਬਾਰੇ ਆਪਣੀ ਸਿਹਤ ਦੀ ਦੇਖਭਾਲ ਦਾ ਪ੍ਰਬੰਧ ਕਰਨ ਵਾਲੇ ਨੂੰ ਹਮੇਸ਼ਾ ਦਸਣਾ ਮਹੱਤਵਪੂਰਨ ਹੈ।

## ਰੇਬੀਜ਼ ਇੰਮਯੂਨ ਗਲੋਬਿਯੂਲਿਨ ਅਤੇ ਰੇਬੀਜ਼ ਵੈਕਸੀਨ ਕਿਸ ਨੂੰ ਨਹੀਂ ਦਿੱਤਾ ਜਾਣਾ ਚਾਹੀਦਾ ਹੈ?

ਰੇਬੀਜ਼ ਵਾਇਰਸ ਨਾਲ ਸੰਪਰਕ ਹੋਣ ਵਾਲੇ ਕਿਸੀ ਵੀ ਵਿਅਕਤੀ ਜਿਸ ਨੂੰ ਇੱਕ ਪ੍ਰਵਾਨਿਤ ਰੇਬੀਜ਼ ਵੈਕਸੀਨ ਦੀ ਲੜੀ ਨਹੀਂ ਮਿਲੀ ਹੈ ਨੂੰ ਰੇਬੀਜ਼ ਰੈਬਆਈਜੀ (RabIg) ਅਤੇ ਰੇਬੀਜ਼ ਵੈਕਸੀਨ ਦਿੱਤੀ ਜਾਣੀ ਚਾਹੀਦੀ ਹੈ। **ਜੇ** ਤੁਸੀਂ ਰੇਬੀਜ਼ ਵੈਕਸੀਨ ਦੀ ਲੜੀ ਪ੍ਰਾਪਤ ਕੀਤੀ ਹੈ ਤਾਂ ਤੁਹਾਨੂੰ ਰੈਬਆਈਜੀ ਲੈਣ ਦੀ ਜ਼ਰੂਰਤ ਨਹੀਂ ਹੈ, ਪਰ ਫਿਰ ਵੀ ਰੇਬੀਜ਼ ਵੈਕਸੀਨ ਲੈਣ ਦੀ ਜ਼ਰੂਰਤ ਹੈ।

ਜੇ ਤੁਸੀਂ ਰੇਬੀਜ਼ ਵੈਕਸੀਨ ਪ੍ਰਾਪਤ ਕਰ ਰਹੇ ਹੋ ਅਤੇ ਤੁਹਾਨੂੰ ਰੇਬੀਜ਼ ਵੈਕਸੀਨ ਦੀ ਪਹਿਲਾਂ ਦਿੱਤੀ ਗਈ ਖੁਰਾਕ ਜਾਂ ਨਿਓਮਾਈਸਿੰਨ, ਕਲੋਰਟੈਟ੍ਰਾਸਾਈਕਲਿੰਨ, ਐਮਫੋਟੇਰੀਸਿੰਨ ਬੀ, ਜੈਲੇਟਿੰਨ ਜਾਂ ਅੰਡੇ ਦੇ ਪ੍ਰੋਟੀਨ ਸਮੇਤ ਵੈਕਸੀਨ ਦੇ ਕਿਸੇ ਅੰਸ਼ ਪ੍ਰਤੀ ਜਾਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕਿਰਿਆ ਹੋਈ ਹੈ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ।

ਜੇ ਤੁਸੀਂ ਰੇਬੀਜ਼ ਇੰਮਯੂਨ ਗਲੋਬਿਯੂਲਿਨ ਪ੍ਰਾਪਤ ਕਰ ਰਹੇ ਹੋ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ ਜੇ:

- ਤੁਹਾਨੂੰ ਪਹਿਲਾਂ ਲਈ ਗਈ ਇੰਮਯੂਨ ਗਲੋਬਿਯੂਲਿਨ ਦੀ ਖੁਰਾਕ, ਜਾਂ ਉਸ ਦੇ ਕਿਸੇ ਵੀ ਅੰਸ਼ ਪ੍ਰਤੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੀ ਅਲਰਜਿਕ ਪ੍ਰਤੀਕ੍ਰਿਆ ਹੋਈ ਹੈ
- ਤੁਹਾਨੂੰ ਆਈਸੋਲੇਟਿਡ ਇੰਮਯੂਨੋਗਲੋਬਿਯੂਲਿਨ ਏ ਡੈਫੀਸ਼ੈਂਸੀ (isolated immunoglobulin A deficiency) ਨਾਮ ਦੀ ਅਵਸਥਾ ਹੈ
- ਤੁਹਾਡਾ ਥਰੌਮਬੋਸਿਸ (thrombosis) ਦਾ ਇਤਿਹਾਸ ਜਾਂ ਥਰੌਮਬੋਸਿਸ (thrombosis) ਦੇ ਖਤਰੇ ਵਾਲੇ ਕਾਰਕ ਹਨ; ਜਾਂ
- ਤੁਹਾਨੂੰ ਪਿਛਲੇ 14 ਦਿਨਾਂ ਦੇ ਵਿੱਚ ਖਸਰਾ (ਮੀਜ਼ਲਜ਼), ਕੰਨ ਪੇੜੇ (ਮੰਮਪਸ), ਰੁਬੈਲਾ (ਜਰਮਨ ਖਸਰਾ) (ਐਮ ਐਮ ਆਰ) ਜਾਂ ਚਿਕਨਪੌਕਸ ਤੋਂ ਬਚਾਓ ਲਈ ਟੀਕੇ ਲਗਾਏ ਹਨ

ਜ਼ੁਕਾਮ ਜਾਂ ਕਿਸੇ ਹੋਰ ਹਲਕੀ ਬੀਮਾਰੀ ਕਰਕੇ ਬੀਮਾਰੀਆਂ ਤੋਂ ਬਚਾਉਣ ਵਾਲੇ ਟੀਕੇ ਲਗਵਾਉਣ ਨੂੰ ਟਾਲਣ ਦੀ ਲੋੜ ਨਹੀਂ ਹੈ। ਪਰ, ਜੇ ਤੁਹਾਡੀਆਂ ਕੁਝ ਚਿੰਤਾਵਾਂ ਹਨ ਤਾਂ ਆਪਣੇ ਸਿਹਤ ਸੰਭਾਲ ਪ੍ਰਦਾਤਾ ਦੇ ਨਾਲ ਗੱਲ ਕਰੋ।

## ਹਲਕਾਅ (ਰੇਬੀਜ਼) ਕੀ ਹੈ?

ਹਲਕਾਅ ਰੇਬੀਜ਼ ਵਾਇਰਸ ਕਰਕੇ ਹੋਣ ਵਾਲੀ ਬਹੁਤ ਗੰਭੀਰ ਅਤੇ ਆਮਤੌਰ ਤੇ ਜਾਨਲੇਵਾ ਬਿਮਾਰੀ ਹੈ। ਲੋਕ ਵਾਇਰਸ ਨਾਲ ਵਿਗਾੜਗ੍ਰਸਤ ਹੋ ਸਕਦੇ ਹਨ ਜੇ ਉਨ੍ਹਾਂ ਨੂੰ ਅਜਿਹੇ ਜਾਨਵਰ ਦੁਆਰਾ ਵੱਢਿਆ ਜਾਂਦਾ ਹੈ ਜਾਂ ਝਰੀਟ ਮਾਰੀ ਜਾਂਦੀ ਹੈ ਜਿਸਨੂੰ ਹਲਕਾਅ ਹੈ। ਵਾਇਰਸ ਦਿਮਾਗ ਅਤੇ ਤੰਤੂ ਪ੍ਰਣਾਲੀ ਨੂੰ ਵਿਗਾੜਗ੍ਰਸਤ ਕਰਦਾ ਹੈ ਅਤੇ ਮਨੁੱਖਾਂ ਵਿੱਚ ਜਾਨਲੇਵਾ ਹੈ ਜੇ ਬਿਮਾਰੀ ਨੂੰ ਸੰਪਰਕ ਹੋਣ ਦੇ ਬਾਅਦ ਜਲਦੀ ਹੀ ਟੀਕਾ ਲਗਾ ਕੇ ਰੋਕਿਆ ਨਹੀਂ ਜਾਂਦਾ। ਹਲਕਾਅ ਦੇ ਲੱਛਣਾਂ ਵਿੱਚ ਸ਼ਾਮਲ ਹਨ ਸਿਰਦਰਦ,ਬੁਖਾਰ,ਨਿਗਲਣ ਵਿੱਚ ਪਰੇਸ਼ਾਨੀ ਵਿੱਚ ਵਾਧਾ, ਮੂੰਹ ਵਿੱਚੋਂ ਬਹੁਤ ਜਿਆਦਾ ਰਾਲਾਂ ਨਿਕਲਣਾ, ਮਾਸਪੇਸ਼ੀਆਂ ਵਿੱਚ ਖਿਚਾਅ ਜਾਂ ਕਮਜ਼ੋਰੀ, ਅਤੇ ਅਜੀਬ ਵਿਵਹਾਰ।

ਹਲਕਾਅ ਬਾਰੇ ਹੋਰ ਜਾਣਕਾਰੀ ਲਈ, HealthLinkBC File #07a ਹਲਕਾਅ ਦੇਖੋ।

## ਸਿਆਣੇ ਨਾਬਾਲਗਾਂ ਦੀ ਸਹਿਮਤੀ

ਸਿਫ਼ਾਰਸ਼ ਕੀਤੀ ਜਾਂਦੀ ਹੈ ਕਿ ਮਾਪੇ ਜਾਂ ਸਰਪ੍ਰਸਤ ਅਤੇ ਉਨ੍ਹਾਂ ਦੇ ਬੱਚੇ ਟੀਕਾਕਰਣ (ਇਮਿਊਨਾਈਜ਼ੇਸ਼ਨ) ਲਈ ਸਹਿਮਤੀ ਬਾਰੇ ਚਰਚਾ ਕਰਨ। 19 ਸਾਲ ਤੋਂ ਘੱਟ ਉਮਰ ਦੇ ਉਹ ਬੱਚੇ ਜਿਹੜੇ ਹਰ ਵੈਕਸੀਨ ਦੇ ਲਾਭ ਅਤੇ ਸੰਭਵ ਪ੍ਰਤੀਕਿਰਿਆਵਾਂ ਅਤੇ ਇਮਿਊਨਾਈਜ਼ੇਸ਼ਨ ਨਾ ਕਰਵਾਉਣ ਦੇ ਜੋਖਮ ਸਮਝਣ ਦੇ ਕਾਬਲ ਹੋਣ, ਕਾਨੂੰਨੀ ਤੌਰ ਤੇ ਇਮਿਊਨਾਈਜ਼ੇਸ਼ਨ ਲਈ ਸਹਿਮਤ ਹੋ ਸਕਦੇ ਜਾਂ ਇਨਕਾਰ ਕਰ ਸਕਦੇ ਹਨ। ਸਿਆਣੇ ਨਾਬਾਲਗਾਂ ਦੀ ਸਹਿਮਤੀ ਬਾਰੇ ਹੋਰ ਜਾਣਕਾਰੀ ਵਾਸਤੇ HealthLinkBC File #119 ਦ ਇੰਨਫੈਂਟਸ ਐਕਟ, ਸਿਆਣੇ ਨਾਬਾਲਗਾਂ ਦੀ ਸਹਿਮਤੀ ਅਤੇ ਇਮਿਊਨਾਈਜ਼ੇਸ਼ਨ ਦੇਖੋ।

BC Centre for Disease Control
An agency of the Provincial Health Services Authority